ਵਰਲਡ ਪੰਜਾਬੀ ਟਾਈਮਜ਼
WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 20 ਜੁਲਾਈ 2025 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਸੰਗਤ ਸਥਿਤ ਇੱਕ ਸ਼ਰਾਬ ਫੈਕਟਰੀ ਕੈਮੀਕਲ ਯੁਕਤ ਪਾਣੀ ਸੇਮ ਨਾਲੇ ਚ ਛੱਡ ਲੰਮੇ ਸਮੇਂ ਤੋਂ ਲੋਕਾਂ ਨੂੰ ਪਰੇਸ਼ ਰਹੀ ਹੈ ਬਿਮਾਰੀਆਂ ਦੀ ਸੌਗਾਤ

ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਮਾਮਲੇ ਤੋਂ ਬੇਖ਼ਬਰ

ਵਰਲਡ ਪੰਜਾਬੀ ਟਾਈਮਜ਼
ਗੁਰਪ੍ਰੀਤ ਚ੹ਲ

ਬਠਿੰਡਾ,20 ਜੁਲਾਈ : ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾ ਦੇਣ ਦੇ ਦਾਅਵੇ ਕਰਨ ਵਾਲ਼ੀ ਪੰਜਾਬ ਸਰਕਾਰ ਦੇ ਦਾਅਵਿਆਂ ਦੀ ਓਦੋਂ ਫ਼ੂਕ ਨਿੱਕਲ਼ਦੀ ਸਾਹਮਣੇਂ ਆਈ ਜਦੋਂ ਬਠਿੰਡਾ ਡੱਬਵਾਲੀ ਸੜਕ ਤੇ ਚੱਲ ਰਹੀ ਇੱਕ ਸ਼ਰਾਬ ਵਾਲ਼ੀ ਫੈਕਟਰੀ ਵੱਲੋਂ ਪਿਛਲੇ ਲੰਮੇ ਸਮੇ ਤੋਂ ਫੈਕਟਰੀ ਦਾ ਦੂਸ਼ਿਤ ਪਾਣੀ ਨੂੰ ਵਾਟਰ ਟਰੀਟਮੈਂਟ ਪਲਾਂਟ ਦੇ ਜ਼ਰੀਏ ਨਸ਼ਟ ਕਰਨ ਦੀ ਬਜਾਇ ਚੋਰੀ ਚੋਰੀ ਨੇੜਿਓਂ ਲੰਘਦੇ ਸੇਮ ਨਾਲੇ ਚ ਪਾਇਆ ਜਾ ਰਿਹਾ ਸੀ। ਪਰ ਪਿਛਲੇ ਲੰਮੇ ਸਮੇਂ ਤੋਂ ਲੋਕਾਂ ਦੀ ਸਿਹਤ ਨਾਲ਼ ਖਿਲਵਾੜ ਕਰਨ ਵਾਲ਼ੀ ਇਸ ਫੈਕਟਰੀ ਵੱਲੋਂ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਅੱਖਾਂ ਬੰਦ ਕਰੀ ਬੈਠਾ ਸੀ।ਸੰਗਤ ਮੰਡੀ ਨੇੜੇ ਪੈਂਦੀ ਓਮ ਸਨਜ਼ ਨਾਮਕ ਇਸ ਸ਼ਰਾਬ ਫੈਕਟਰੀ ਦੇ ਕੈਮੀਕਲ ਵਾਲ਼ੇ ਦੂਸ਼ਿਤ ਪਾਣੀ ਨੂੰ ਫੈਕਟਰੀ ਦੁਆਰਾ ਚੋਰ-ਮੋਰੀ ਰਾਹੀਂ ਸੇਮ ਨਾਲ਼ੇ ‘ਚ ਛੱਡਣ ਦਾ ਮੁੱਦਾ ਉਸ ਸਮੇਂ ਭਖ ਗਿਆ ਜਦ ਇਸ ਸਬੰਧੀ ਮੌਕੇ ਦੀਆਂ ਵੀਡੀਓਜ਼ ਨੇੜਲੇ ਪਿੰਡਾਂ ਦੇ ਲੋਕਾਂ ਕੋਲ ਪਹੁੰਚੀਆਂ ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਜਸਵੀਰ ਮਛਾਣਾ,ਗਗਨਦੀਪ ਮਛਾਣਾ ਨੇ ਦੱਸਿਆ ਕਿ ਫੈਕਟਰੀ ਵੱਲੋਂ ਦਿਨ ਸਮੇਂ ਡੱਗ ਵਿੱਚ ਜਮ੍ਹਾਂ ਕੀਤਾ ਜਾਂਦਾ ਕੈਮੀਕਲ ਯੁਕਤ ਦੂਸ਼ਿਤ ਪਾਣੀ ਰਾਤ ਸਮੇਂ ਕੰਧ ਹੇਠਾਂ ਲੁਕਵੇਂ ਰੂਪ ਵਿੱਚ ਕੀਤੇ ਮੋਰ੍ਹੇ ਰਾਹੀਂ ਸੇਮ ਨਾਲ਼ੇ ਵਿੱਚ ਛੱਡ ਦਿੱਤਾ ਜਾਂਦਾ ਹੈ ਜੋ ਕਿ ਬਹੁਤ ਹੀ ਹਾਨੀਕਾਰਕ ਹੈ ਅਤੇ ਅਨੇਕਾਂ ਪ੍ਰਕਾਰ ਦੀਆਂ ਭਿਆਨਕ ਬੀਮਾਰੀਆਂ ਨੂੰ ਸੱਦਾ ਦਿੰਦਾ ਹੈ।ਉਨ੍ਹਾਂ ਅੱਗੇ ਦੱਸਿਆ ਕਿ ਬੀਤੀ ਰਾਤ ਜਦ ਇਹ ਪਾਣੀ ਛੱਡਿਆ ਗਿਆ ਤਾਂ ਉਨ੍ਹਾਂ ਵੱਲੋਂ ਚਿੱਕੜ ਅਤੇ ਕੰਡਿਆਂ ਵਿੱਚੋਂ ਔਖੇ-ਸੌਖੇ ਲੰਘਦਿਆਂ ਇਸ ਦੀ ਵੀਡੀਓ ਬਣਾ ਕੇ ਕੁਝ ਵਟਸਪ ਗਰੁੱਪਾਂ ‘ਚ ਸਾਂਝੀ ਕੀਤੀ ਗਈ ਜਿਸ ਨੂੰ ਦੇਖ ਕੇ ਸਵੇਰ ਹੁੰਦਿਆਂ ਹੀ ਵੱਡੀ ਗਿਣਤੀ ‘ਚ ਸੰਗਤ,ਮਛਾਣਾ ਆਦਿ ਪਿੰਡਾਂ ਦੇ ਲੋਕ ਜਦ ਮੌਕਾ ਦੇਖਣ ਪੁੱਜੇ ਤਾਂ ਫੈਕਟਰੀ ਦੇ ਕਰਮਚਾਰੀ ਇਹ ਮੋਘਾ ਬੰਦ ਕਰ ਰਹੇ ਸਨ ਅਤੇ ਵਿਅਕਤੀਆਂ ਨੂੰ ਦੇਖ ਕੇ ਉਹ ਉਥੋਂ ਭੱਜ ਤੁਰੇ।ਪਰ ਲੋਕਾਂ ਵੱਲੋਂ ਫੈਕਟਰੀ ਦੀ ਇਸ ਲਾਪਰਵਾਹੀ ਅਤੇ ਮਨਮਰਜ਼ੀ ਖਿਲਾਫ਼ ਤੁਰੰਤ ਪ੍ਰਦੂਸ਼ਣ ਬੋਰਡ ਦੇ ਅਧਿਕਾਰੀਆਂ ਨੂੰ ਸੂਚਿਤ ਕੀਤਾ ਅਤੇ ਫੈਕਟਰੀ ਵਿਰੁੱਧ ਮੁਰਦਾਬਾਦ ਦੇ ਨਾਅਰੇ ਲਗਾਏ।ਜਿਵੇਂ-ਜਿਵੇਂ ਇਸ ਗੱਲ ਦੀ ਸੂਚਨਾ ਮਿਲਦੀ ਗਈ ਵੱਖ-ਵੱਖ ਪਿੰਡਾਂ ਦੇ ਲੋਕ ਅਤੇ ਹੋਰ ਜਥੇਬੰਦੀਆਂ ਦੇ ਆਗੂ ਪਹੁੰਚਣ ਲੱਗੇ।ਪ੍ਰਦੂਸ਼ਣ ਬੋਰਡ ਦੇ ਅਧਿਕਾਰੀਆਂ ਦੀ ਕਰਵਾਈ ਮੁਕੰਮਲ ਹੋਣ ਤੱਕ ਫੈਕਟਰੀ ਦੇ ਬਾਹਰ ਬੈਠੇ ਰਹੇ।ਇਸ ਮੌਕੇ ਮੱਖਰ ਸਿੰਘ,ਰਾਜੂ ਦੁਨੇਵਾਲਾ,ਜਗਦੀਸ਼ ਸਿੰਘ ਦੁਨੇਵਾਲਾ,ਸੰਦੀਪ ਸਿੰਘ,ਰਜਿੰਦਰ ਸਿੰਘ ,ਕਾਕਾ,ਰਾਮ ਸਿੰਘ ਕੇਟਗੁਰੂ,ਜੱਗਾ ਸਿੰਘ,ਜਸਵੀਰ ਸਿੰਘ ਮਛਾਣਾ,ਗਗਨ ਮਛਾਣਾ, ਅਰਸ਼ਦੀਪ, ਲਵ ਮਛਾਣਾ ,ਰੇਸ਼ਮ ਸਿੰਘ ਸੰਗਤ ਅਤੇ ਪਿੰਡ ਦੁਨੇਵਾਲਾ ਦੇ ਸਾਬਕਾ ਸਰਪੰਚ ਗੁਰਦੀਪ ਸਿੰਘ ਮੌਜੂਦ ਰਹੇ ।

ਜਾਂਚ ਉਪਰੰਤ ਗੱਡੀ ‘ਚ ਬੈਠ ਖਿਸਕਦੇ ਬਣੇ ਪ੍ਰਦੂਸ਼ਣ ਅਧਿਕਾਰੀ

ਵਾਰ-ਵਾਰ ਫੋਨ ਕਰਨ ਦੇ ਬਾਵਜੂਦ ਦਿੱਤੇ ਸਮੇਂ ਤੋਂ ਕਾਫ਼ੀ ਸਮਾਂ ਦੇਰੀ ਨਾਲ਼ ਆਉਣ ਬਾਅਦ ਫੈਕਟਰੀ ਦਾ ਸੇਮ ਨਾਲੇ ਵੱਲ ਪੈਂਦੇ ਪਾਣੀ ਦਾ ਮੌਕਾ ਦੇਖਣ ਤੋਂ ਬਾਅਦ ਜਦ ਇਸ ਬਾਰੇ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਨੇ ਬੜੀ ਬੇਰੁਖੀ ਨਾਲ ਹੋਰ ਜਾਂਚ ਕਰਨ ਬਾਰੇ ਆਖ ਕੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ।ਇਸ ਤੋਂ ਬਾਅਦ ਫੈਕਟਰੀ ਅੰਦਰ ਤਕਰੀਬਨ ਢਾਈ-ਤਿੰਨ ਘੰਟੇ ਬਿਤਾਉਣ ਉਪਰੰਤ ਅੱਜ ਦੀ ਜਾਂਚ ਬਾਰੇ ਬਿਨਾਂ ਕੁਝ ਦੱਸਿਆਂ ਗੱਡੀ ਵਿੱਚ ਬੈਠ ਕੇ ਉਥੋਂ ਕਾਹਲੀ ਨਾਲ਼ ਨਿਕਲ਼ ਗਏ।ਇਸ ਸੰਬੰਧੀ ਮੌਜੂਦ ਲੋਕਾਂ ਦੇ ਦੱਸਣ ਮੁਤਾਬਕ ਢਾਈ-ਤਿੰਨ ਘੰਟਿਆਂ ਦੀ ਜਾਂਚ ਦੌਰਾਨ ਦੋ ਜਗ੍ਹਾ ਤੋਂ ਸੈਂਪਲ ਲਏ ਗਏ ਹਨ ਜਿੰਨ੍ਹਾਂ ਦੀ ਰਿਪੋਰਟ ਲਈ 15 ਦਿਨ ਦਾ ਸਮਾਂ ਲਗੇਗਾ।

-ਲੋਕਾਂ ਦੇ ਹੱਕ ਲਈ ਨਿੱਤਰਿਆ ਸ਼੍ਰੋਮਣੀ ਅਕਾਲੀ ਦਲ-

ਫੈਕਟਰੀ ਦੇ ਦੂਸ਼ਿਤ ਪਾਣੀ ਦੇ ਮੁੱਦੇ ਨੂੰ ਲੈ ਕੇ ਮੌਜੂਦਾ ਸੱਤਾਧਾਰੀ ਅਤੇ ਬਾਕੀ ਰਾਜਨੀਤਕ ਪਾਰਟੀਆਂ ਦੇ ਮੁਕਾਬਲੇ ਸ਼੍ਰੋਮਣੀ ਅਕਾਲੀ ਦਲ ਲੋਕਾਂ ਲਈ ਪਹਿਲਾਂ ਮੈਦਾਨ ‘ਚ ਉੱਤਰਿਆ ਹੈ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਬਠਿੰਡਾ ਜ਼ਿਲ੍ਹਾ ਯੂਥ ਪ੍ਰਧਾਨ ਕਮਲਦੀਪ ਸਿੰਘ ਸਿੱਧੂ ਨੇ ਲੋਕਾਂ ਦੇ ਇਸ ਸੰਘਰਸ਼ ਦਾ ਜ਼ੋਰਦਾਰ ਸਮਰਥਨ ਕੀਤਾ।ਉਨ੍ਹਾਂ ਕਿਹਾ ਕਿ ਜ਼ਹਿਰ ਫੈਲਾਉਣ ਲਈ ਫੈਕਟਰੀ ਨੂੰ ਕਦੇ ਵੀ ਮਨਮਰਜ਼ੀ ਨਹੀਂ ਕਰਨ ਦਿੱਤੀ ਜਾਵੇਗੀ।ਜਿੱਥੇ ਵੀ ਲੋਕਾਂ ਨੂੰ ਉਨ੍ਹਾਂ ਦੇ ਸਾਥ ਦੀ ਲੋੜ ਪਵੇਗੀ ਉਹ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜਕੇ ਖੜ੍ਹਨਗੇ।

ਕੀ ਕਹਿੰਦੇ ਹਨ ਫੈਕਟਰੀ ਦੇ ਅਧਿਕਾਰੀ?

ਇਸ ਸਬੰਧੀ ਜਦ ਫੈਕਟਰੀ ਦੇ ਅਧਿਕਾਰੀ ਗੁਰਵਿੰਦਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜੋ ਪਾਣੀ ਮੋਘੇ ‘ਚੋਂ ਸੇਮ ਨਾਲ਼ੇ ਵੱਲ ਜਾ ਰਿਹਾ ਸੀ ਉਹ ਫੈਕਟਰੀ ਦੀਆਂ ਕਲੋਨੀਆਂ ਦਾ ਪਾਣੀ ਸੀ।ਜੇ ਇਹ ਗੱਲ ਸੱਚ ਮੰਨ ਵੀ ਲਈ ਜਾਵੇ ਤਾ ਵੀ ਪਾਣੀ ਦੇ ਵਹਿਣ ਦੀ ਮਾਤਰਾ ਇਸ ਨੂੰ ਸ਼ੱਕ ਦੇ ਘੇਰੇ ਵਿੱਚ ਲੈ ਆਉਂਦੀ ਹੈ।

ਥਾਣਾ ਮੁਖੀ ਸੰਗਤ ਵੀ ਹੋਏ ਕਾਹਲ਼ੇ ਕਦਮੀ :-

ਇਸ ਮੌਕੇ ਸਥਿਤੀ ਦਾ ਜਾਇਜ਼ਾ ਲੈਣ ਪਹੁੰਚੇ ਨਵੇਂ ਥਾਣਾ ਮੁਖੀ ਸੰਗਤ ਜਾਂਚ ਦੌਰਾਨ ਤਕਰੀਬਨ ਦੋ ਘੰਟੇ ਫੈਕਟਰੀ ਅੰਦਰ ਬਿਤਾਉਣ ਮਗਰੋਂ ਜਾਂਦੇ ਸਮੇਂ ਮੌਜੂਦ ਲੋਕਾਂ ਦੇ ਦੋ ਮਿੰਟ ਇਸ ਜਾਂਚ ਸਬੰਧੀ ਗੱਲਬਾਤ ਲਈ ਬੇਨਤੀ ਕਰਨ ‘ਤੇ ਜਾਣ ਲਈ ਕਾਹਲ਼ੇ ਕਦਮੀ ਲੱਗੇ ਹਾਲਾਂਕਿ ਉਨ੍ਹਾਂ ਦਾ ਵਤੀਰਾ ਬਹੁਤ ਸਲੀਕੇ ਵਾਲ਼ਾ ਰਿਹਾ।

ਅੰਧਵਿਸ਼ਵਾਸ ਦੀ ਬਲੀ ਚੜ੍ਹੇ ਇੱਕੋ ਪਰਿਵਾਰ ਦੇ 5 ਮੈਂਬਰ

ਡਾਇਣ ਦੇ ਸ਼ੱਕ ਵਿੱਚ ਇੱਕੋ ਪਰਿਵਾਰ ਦੇ ਪੰਜ ਮੈਂਬਰਾਂ ਨੂੰ ਜਿਉਂਦਾ ਸਾੜ ਦਿੱਤਾ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ

ਸੰਗਰੂਰ 20 ਜੁਲਾਈ : ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ ਪਰ ਇਸ ਯੁੱਗ ਵਿੱਚ ਲੋਕ ਅੰਧਵਿਸ਼ਵਾਸ ਦੀ ਬਲੀ ਵੀ ਚੜ੍ਹ ਰਹੇ ਹਨ।ਇੱਕ ਪਾਸੇ ਇਨਸਾਨ ਵਿਗਿਆਨਕ ਤਕਨੀਕਾਂ ਦੀ ਤਰੱਕੀ ਨਾਲ ਚੰਨ ਤੇ ਜਾ ਆਇਆ ਤੇ ਮੰਗਲ ਗ੍ਰਹਿ ਤੇ ਜਾਣ ਦੀ ਇੱਛਾ ਰੱਖਦਾ ਹੈ। ਵਿਗਿਆਨ ਦੀ ਤਰੱਕੀ ਨਾਲ ਮਨੁੱਖ ਨੇ ਸਮੁੰਦਰ, ਅਕਾਸ਼,ਪਹਾੜ ਗਾਹ ਦਿੱਤੇ ਹਨ। ਰੋਜ਼ਾਨਾ ਜ਼ਿੰਦਗੀ ਦੇ ਹਰ ਖੇਤਰ ਵਿੱਚ ਵਿਗਿਆਨ ਨੇ ਮਨੁੱਖੀ ਜ਼ਿੰਦਗੀ ਨੂੰ ਸੁੱਖ, ਸਹੂਲਤਾਂ ਨਾਲ ਭਰ ਦਿੱਤਾ ਹੈ। ਸੰਚਾਰ ਤੇ ਮਨੋਰੰਜਨ ਦੇ ਖੇਤਰ ਵਿੱਚ ਅਥਾਹ ਖੁਸ਼ਹਾਲੀ ਆਈ ਹੈ। ਦੇਸ਼ਾਂ, ਵਿਦੇਸ਼ਾਂ ਵਿੱਚ ਬੈਠੇ ਰਿਸ਼ਤੇਦਾਰਾਂ,ਸਕੇ ਸੰਬੰਧੀਆਂ, ਸਨੇਹੀਆਂ ਨਾਲ ਆਮਣੇ ਸਾਹਮਣੇ ਬੈਠ ਕੇ ਦੁਖ- ਸੁਖ,ਖੁਸ਼ੀ- ਗਮੀ ਸਾਂਝੀ ਕਰ ਸਕਦੇ ਹਾਂ। ਲੋਕਾਂ ਦਾ ਸੋਚਣ ਢੰਗ ਵਿਗਿਆਨਕ ਨਾ ਹੋਣ ਕਰਕੇ ਉਹ ਸਦੀਆਂ ਪੁਰਾਣੇ ਜਾਦੂ ਟੂਣੇ ,ਧਾਗੇ ਤਵੀਤਾਂ ਵਿੱਚ ਪੈ ਕੇ ਆਪਣੀਆਂ ਕੀਮਤੀ ਜਾਨਾਂ ਗਵਾ ਰਹੇ ਹਨ।ਇਸ ਜੁਲਾਈ ਮਹੀਨੇ ਦੇ ਸ਼ੁਰੂ ਵਿੱਚ ਬਿਹਾਰ ਵਿੱਚ ਇੱਕ ਦਿਲ ਦਹਿਲਾਉਣ ਵਾਲ਼ੀ ਅਤੀ ਸਨਸਨੀਖੇਜ਼ ਦੁੱਖ ਭਰੀ ਘਟਨਾ ਵਾਪਰੀ। ਇੱਕੋ ਪਰਿਵਾਰ ਦੇ ਪੰਜ ਜੀਆਂ ਨੂੰ ਡਾਇਣ ਕਹਿ ਕੇ ਪਟਰੋਲ ਛਿੜਕ ਕੇ ਅੱਗ ਲਾ ਕੇ ਫੂਕ ਦਿੱਤਾ। ਮੀਡੀਏ ਤੋਂ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਬਿਹਾਰ ਜ਼ਿਲ੍ਹੇ ਦੇ ਪੂਰਨੀਆਂ ਜ਼ਿਲ੍ਹੇ ਦੇ ਟੈਟਗਾਮਾ ਪਿੰਡ ਦਾ ਬਾਬੂਲਾਲ ਉਰਾਂਵ ਝਾੜ ਫੂਕ ਦਾ ਦਾ ਕੰਮ ਕਰਦਾ ਸੀ। ਇੱਕ ਪਰਿਵਾਰ ਦਾ ਲੜਕਾ ਬੀਮਾਰ ਹੋ ਗਿਆ ਤੇ ਉਹ ਬਾਬੂਲਾਲ ਕੋਲ ਝਾੜ ਫੂਕ ਕਰਵਾਉਣ ਆਇਆ ਤਾਂ ਜੋ ਲੜਕਾ ਠੀਕ ਹੋ ਜਾਵੇ ਪਰ ਸਾਫ਼ਫੂਕ ਤੋਂ ਤਿੰਨ ਦਿਨ ਬਾਅਦ ਲੜਕਾ ਮਰ ਗਿਆ। ਉਸਨੇ ਇਹ ਗੱਲ ਪੰਚਾਇਤ ਵਿੱਚ ਰੱਖੀ। ਰਾਤ ਨੂੰ ਇਕੱਤਰ ਪੰਚਾਇਤ ਵਿੱਚ 250-300 ਬੰਦੇ ਇਕੱਠੇ ਹੋਏ ਤੇ ਮਤਾ ਪਾਸ ਹੋਇਆ ਕਿ ਇਹ ਡਾਇਣਾਂ ਹਨ ਜਿਨ੍ਹਾਂ ਨੇ ਲੜਕੇ ਨੂੰ ਮਾਰ ਦਿੱਤਾ। ਪਿੰਡ ਵਿੱਚ ਬੀਮਾਰੀਆਂ ਤੇ ਸਮੱਸਿਆਵਾਂ, ਬਿਪਤਾ ਦਾ ਕਾਰਨ ਵੀ ਇਨ੍ਹਾਂ ਡਾਇਣਾਂ ਨੂੰ ਇਹਾ ਗਿਆ। ਅੰਧਵਿਸ਼ਵਾਸ ਵਿੱਚ ਗੜ੍ਹੱਚ ਇਕੱਠੇ ਹੋਏ ਬੰਦਿਆਂ ਨੇ ਸਵੇਰੇ ਬਾਬੂਲਾਲ ਦਾ ਘਰ ਘੇਰ ਲਿਆ ਤੇ ਪਰਿਵਾਰ ਦੇ ਪੰਜ ਮੈਂਬਰਾਂ ਨ ਬੁਰੀ ਤਰ੍ਹਾਂ ਕੁੱਟਣ ਤੋਂ ਬਾਅਦ ਪੈਟ੍ਰੋਲ ਛਿੜਕ ਕੇ ਅੱਗ ਲਾ ਦਿੱਤੀ ਤੇ ਲਾਸ਼ਾਂ ਨੂੰ ਟਰੈਕਟਰ ਵਿੱਚ ਪਾ ਕੇ ਤਲਾਬ ਵਿੱਚ ਸੁੱਟ ਦਿੱਤਾ। ਇਸ ਤਰ੍ਹਾਂ ਇਕੋ ਪਰਿਵਾਰ ਦੇ ਪੰਜ ਮੈਂਬਰ ਅੰਧਵਿਸ਼ਵਾਸ ਦੀ ਭੇਟ ਚੜ੍ਹ ਗਏ। ਦੇਸ਼ ਨੂੰ ਆਜ਼ਾਦ ਹੋਇਆਂ 78 ਸਾਲ ਹੋ ਗਏ ਪਰ ਸਰਕਾਰਾਂ ਲੋਕਾਂ ਦਾ ਦ੍ਰਿਸ਼ਟੀਕੋਣ ਕੋਣ ਵਿਗਿਆਨਕ ਨਹੀਂ ਬਣਾ ਸਕੀਆਂ। ਚਾਰੇ ਪਾਸੇ ਅੰਧਵਿਸ਼ਵਾਸਾਂ ਦੇ ਗੱਫ਼ੇ ਮਿਲ ਰਹੇ ਹਨ।ਲੋਕ ਅਜੇ ਵੀ ਵਹਿਮਾਂ ਭਰਮਾਂ ਅੰਧਵਿਸ਼ਵਾਸਾਂ ਦੇ ਭਰਮਜਾਲ ਵਿੱਚ ਗ੍ਰੱਸੇ ਹੋਏ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਯੁੱਗ ਸ਼ੁਰੂ ਹੋ ਚੁੱਕਿਆ ਪਰ ਦੂਜੇ ਪਾਸੇ ਲੋਕ ਜਾਦੂ -ਟੂਣੇ ,ਧਾਗੇ -ਤਵੀਤਾਂ ਰਾਹੀਂ ਆਪਣਾ ਇਲਾਜ਼ ਕਰਵਾ ਰਹੇ ਹਨ। ਮਨੋਕਲਪਿਤ ਭੂਤਾਂ ਪ੍ਰੇਤਾਂ,ਡਾਇਣਾਂ ਨੂੰ ਅਸਲ ਸਮਝ ਕੇ ਮਾਨਸਿਕ ਰੋਗੀਆਂ ਨੂੰ ਅਗਨ ਭੇਂਟ ਕਰ ਰਹੇ ਹਨ।ਇਸ ਪਰਿਵਾਰ ਦਾ ਇੱਕ ਲੜਕਾ ਕਿਸੇ ਦੇ ਕਹਿਣ ਤੇ ਭੱਜ ਕੇ ਬਚਿਆ ਹੈ। ਤਰਕਸ਼ੀਲਾਂ ਨੇ ਲੋਕਾਂ ਨੂੰ ਆਪਣੀ ਸੋਚ ਵਿਗਿਆਨਕ ਬਣਾਉਣ ਦਾ ਸੁਨੇਹਾ ਦਿੱਤਾ ਹੈ ਤਾਂ ਜੋ ਅਜਿਹੀਆਂ ਦਿਲ ਕੰਬਾਊ ਘਟਨਾਵਾਂ ਤੋਂ ਬਚਿਆ ਜਾ ਸਕੇ।

ਸਉਣ ਮਹੀਨਾ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਸਉਣ ਮਹੀਨਾ ਦਿਨ ਤੀਆਂ ਦੇ,
ਪਿੱਪਲੀਂ ਪੀਂਘਾਂ ਪਾਈਆਂ।
‘ਕੱਠੀਆਂ ਹੋ ਕੇ ਆਈਆਂ ਗਿੱਧੇ ਵਿੱਚ,
ਨਣਦਾਂ ਤੇ ਭਰਜਾਈਆਂ।

ਹਾਸਾ-ਠੱਠਾ ਕਰਦੀਆਂ ਮਿਲ ਕੇ,
ਦਿੰਦੀਆਂ ਖ਼ੂਬ ਵਧਾਈਆਂ।
ਖ਼ੁਸ਼ੀ ਵੱਸੇ ਇਹ ਨਗਰ-ਖੇੜਾ,
ਜਿਸ ਵਿੱਛੜੀਆਂ ਆਣ ਮਿਲਾਈਆਂ।

ਰੰਗ-ਬਰੰਗੇ ਘੱਗਰੇ ਪਾਏ,
ਦੇਵੇ ਰੂਪ ਦੁਹਾਈਆਂ।
ਉੱਚੀ-ਉੱਚੀ ਪਾਉਣ ਬੋਲੀਆਂ,
ਅੰਬਰ-ਘਟਾਵਾਂ ਛਾਈਆਂ।

ਆ ਕੇ ਮਿਲ ਜਾ ਹਾਣ ਦਿਆ ਵੇ,
ਅੱਖੀਆਂ ਨੇ ਤ੍ਰਿਹਾਈਆਂ।
ਯਾਦ ਤੇਰੀ ਵਿੱਚ ਦੀਦੇ ਛਲਕਣ,
ਸਹਿ ਨਾ ਸਕਾਂ ਜੁਦਾਈਆਂ।

ਚਾਰੇ ਪਾਸੇ ਢੂੰਡਾਂ, ਜਿਸ ਨਾਲ,
ਵਿੱਚ ਜਵਾਨੀ ਲਾਈਆਂ।
ਬਿਨ ਤੇਰੇ ਤੋਂ ਸਾਰੀਆਂ ਘੜੀਆਂ,
ਬ੍ਰਿਹਾ ਵਿੱਚ ਬਿਤਾਈਆਂ।

ਦਿਲ ਮੇਰੇ ‘ਚੋਂ ਛੱਲਾਂ ਉੱਠਣ,
ਕਿਉਂ ਸੀ ਅੱਖੀਆਂ ਲਾਈਆਂ।
ਕਰਕੇ ਚੇਤੇ ਓਸ ਸਮੇਂ ਨੂੰ,
ਅੱਖਾਂ ਨੇ ਭਰ ਆਈਆਂ।

CISCE ਜ਼ੋਨਲ ਤਾਈਕਵਾਡੋਂ ਟੂਰਨਾਮੈਂਟ ਵਿੱਚ ਐਚ ਐਮ ਤਾਈਕਵਾਡੋਂ ਅਕੈਡਮੀ, ਫਰੀਦਕੋਟ ਦੇ ਖਿਡਾਰੀਆਂ ਨੇ ਮੱਲਾਂ ਮਾਰੀਆਂ।

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ

ਫਰੀਦਕੋਟ 20 ਜੁਲਾਈ : CISCE ਜ਼ੋਨਲ ਤਾਈਕਵਾਡੋਂ ਟੂਰਨਾਮੈਂਟ 19 ਜੁਲਾਈ 2025 ਨੂੰ ਜਲਾਲਾਬਾਦ ਵਿਖੇ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਮੁਕਤਸਰ ਜੇਨ ਦੇ ਸਾਰੇ ਸਕੂਲਾਂ ਨੇ ਭਾਗ ਲਿਆ । ਇਸ ਟੂਰਨਾਮੈਂਟ ਵਿੱਚ ਐਚ ਐਮ ਤਾਈਕਵਾਡੋਂ ਅਕੈਡਮੀ, ਫਰੀਦਕੋਟ ਦੇ 11 ਖਿਡਾਰੀਆਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ ਲੜਕੀਆਂ ਵਿੱਚ ਗੋਰੀ ਬੀਰੂਦੇਵ ਪੁਜਾਰੀ ਨੇ -35 ਕਿਲੋਗ੍ਰਾਮ ਭਾਰ ਵਰਗ ਵਿੱਚ ਗੋਲਡ ਮੈਡਲ ,ਗੀਤਾਕਸ਼ੀ ਨੇ -26 ਕਿਲੋਗ੍ਰਾਮ ਭਾਰ ਵਰਗ ਵਿੱਚ ਗੋਲਡ ਮੈਡਲ , ਜਸਮੀਤ ਕੌਰ ਨੇ -35 ਕਿਲੋਗ੍ਰਾਮ ਭਾਰ ਵਰਗ ਅੰਡਰ-14 ਵਿੱਚ ਗੋਲਡ ਮੈਡਲ, ਯੋਗਿਤਾ ਵਿਰਕਮ ਸਿੰਦੇ ਨੇ -63 ਕਿਲੋਗ੍ਰਾਮ ਭਾਰ ਵਰਗ ਵਿੱਚ ਗੋਲਡ ਮੈਡਲ, ਦਕਸ਼ਿਤਾ ਜੈਨ ਨੇ -42 ਕਿਲੋਗ੍ਰਾਮ ਭਾਰ ਵਰਗ ਵਿੱਚ ਗੋਲਡ ਮੈਡਲ, ਹਰਪੁਨੀਤ ਕੌਰ ਨੇ -49 ਕਿਲੋਗ੍ਰਾਮ ਭਾਰ ਵਰਗ ਵਿੱਚ ਸਿਲਵਰ ਮੈਡਲ ਜਿੱਤਿਆ ਅਤੇ ਇਸੇ ਤਰ੍ਹਾਂ ਲੜਕਿਆਂ ਵਿੱਚੋਂ ਜੇਥਨਪ੍ਰੀਤ ਸਿੰਘ ਨੇ -32 ਕਿਲੋਗ੍ਰਾਮ ਭਾਰ ਵਰਗ ਵਿੱਚ ਗੋਲਡ ਮੈਡਲ, ਪੁਨੀਤ ਪ੍ਰਮੋਦ ਪਾਟਿਲ ਨੇ -51 ਕਿਲੋਗ੍ਰਾਮ ਭਾਰ ਵਰਗ ਵਿੱਚ ਗੋਲਡ ਮੈਡਲ, ਅਦਿੱਤਿਆ ਰਾਜ ਵਿਕਰਮ ਸਿੰਦੇ ਨੇ -48 ਕਿਲੋਗ੍ਰਾਮ ਭਾਰ ਵਰਗ ਵਿੱਚ ਸਿਲਵਰ ਮੈਡਲ, ਰੋਬਿਨ ਕੁਮਾਰ ਨੇ -35 ਕਿਲੋਗ੍ਰਾਮ ਭਾਰ ਵਰਗ ਵਿੱਚ ਬਰਾਂਉਜ਼ ਮੈਡਲ ਅਤੇ ਯਸ਼ੋਵਰਮਾਨ ਸਿੰਘ ਨੇ +41 ਕਿਲੋਗ੍ਰਾਮ ਭਾਰ ਵਰਗ ਵਿੱਚ ਬਰਾਂਉਜ਼ ਮੈਡਲ ਜਿੱਤ ਕੇ ਆਪਣੇ ਮਾਪਿਆਂ ਅਤੇ ਫਰੀਦਕੋਟ ਜ਼ਿਲ੍ਹੇ ਦਾ ਨਾਮ ਰੌਸ